# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਮੀਮੋ ਨੰ: SCERT-SDP01/124/2025-SDP-SCERT-Part(1)/1013519/ 75-79.
ਮਿਤੀ : ਐਸ.ਏ.ਐਸ ਨਗਰ, 25-03-2026

## ਪਬਲਿਕ ਨੋਟਿਸ

**ਵਿਸ਼ਾ:- ਅਕਾਦਮਿਕ ਸਾਲ 2026-27 ਲਈ School of Eminence (SOE) ਅਤੇ Meritorious ਸਕੂਲਾਂ ਵਿੱਚ ਦਾਖਲੇ ਜਮਾਤ 9ਵੀਂ ਅਤੇ 11ਵੀਂ ਲਈ ਕਰਵਾਈ ਪ੍ਰਵੇਸ਼ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2026-27 ਲਈ 118 SOE ਅਤੇ Meritorious ਸਕੂਲਾਂ ਵਿੱਚ ਜਮਾਤ ਨੌਵੀਂ ਅਤੇ ਗਿਆਰਵੀਂ ਵਿੱਚ ਦਾਖਲੇ ਸੰਬੰਧੀ ਪ੍ਰਵੇਸ਼ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਹਿਯੋਗ ਨਾਲ ਦਫ਼ਤਰ ਐਸ.ਸੀ.ਈ.ਆਰ.ਟੀ. ਵੱਲੋਂ ਮਿਤੀ 01.03.2026 ਨੂੰ ਪ੍ਰੀਖਿਆ ਕਰਵਾਈ ਗਈ ਸੀ। ਜਿਸ ਦਾ ਰੋਲ ਨੰਬਰ ਵਾਈਜ਼ ਨਤੀਜਾ ਘੋਸ਼ਿਤ ਕੀਤਾ ਜਾ ਰਿਹਾ ਹੈ।

ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ SOE ਅਤੇ Meritorious ਸਕੂਲਾਂ ਵਿੱਚ ਜਮਾਤ ਨੌਵੀਂ ਅਤੇ ਗਿਆਰਵੀਂ ਵਿੱਚ ਦਾਖਲੇ ਸੰਬੰਧੀ ਪ੍ਰਵੇਸ਼ ਪ੍ਰੀਖਿਆ ਦਾ ਰੋਲ ਨੰਬਰ ਵਾਈਜ਼ ਨਤੀਜਾ www.ssapunjab.org ਅਤੇ https://schoolofeminence.pseb.ac.in/ ਵੈਬਸਾਈਟ ਤੇ ਦੇਖਿਆ ਜਾ ਸਕਦਾ ਹੈ।

ਦੱਸਿਆ ਜਾਂਦਾ ਹੈ ਕਿ SOE ਸਕੂਲਾਂ ਵਿੱਚ ਜਮਾਤ ਨੌਵੀਂ ਅਤੇ ਗਿਆਰਵੀਂ ਵਿੱਚ ਪ੍ਰਵੇਸ਼ ਪ੍ਰੀਖਿਆ ਦੇ ਨਤੀਜੇ ਦੇ ਆਧਾਰ ਤੇ ਪ੍ਰੋਵੀਜ਼ਨਲ ਦਾਖਲਾ ਮਿਤੀ 01-04-2026 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਅਕਾਦਮਿਕ ਸਾਲ 2026-27 ਦੌਰਾਨ SOE ਸਕੂਲਾਂ ਵਿੱਚ ਜਮਾਤ ਨੌਵੀਂ ਅਤੇ ਗਿਆਰਵੀਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ, ਨਤੀਜੇ ਵਿੱਚ ਉਹਨਾਂ ਦੇ ਨਾਵਾਂ ਦੇ ਸਾਹਮਣੇ SOE ਸਕੂਲਾਂ ਦੇ U-dise ਨੰਬਰ ਅਨੁਸਾਰ ਨਤੀਜੇ ਦਾ ਆਖਰੀ ਪੰਨੇ ਤੇ ਦਰਸਾਈ SOE ਸਕੂਲਾਂ ਦੀ ਲਿਸਟ ਅਨੁਸਾਰ SOE ਸਕੂਲਾਂ ਵਿੱਚ ਪ੍ਰੋਵੀਜ਼ਨਲ ਦਾਖਲਾ ਲੈ ਸਕਦੇ ਹਨ।

ਵਿਦਿਆਰਥੀਆਂ ਅਤੇ ਮਾਪਿਆ ਵੱਲੋਂ ਇਸ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਕਿ ਵਿਦਿਆਰਥੀਆਂ ਨੂੰ ਦਿੱਤਾ ਗਿਆ ਪ੍ਰੋਵੀਜ਼ਨਲ ਦਾਖਲਾ, ਪ੍ਰਵੇਸ਼ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ, ਵਿਦਿਆਰਥੀਆਂ ਦੀ ਪਿਛਲੀ ਜਮਾਤ (8ਵੀਂ/10ਵੀਂ) ਦੀ ਬੋਰਡ/ਸਕੂਲ ਪ੍ਰੀਖਿਆ ਦੇ ਨਤੀਜੇ ਵਿੱਚ ਪਾਸ ਹੋਣ ਦੀ ਸ਼ਰਤ ਪੂਰੀ ਹੋਣ ਉਪਰੰਤ ਅਤੇ SOE ਸੈਕਸ਼ਨ ਵਿੱਚ ਸੀਟਾਂ ਦੀ ਉਪਲੱਬਧਤਾ ਅਨੁਸਾਰ ਹੀ, **ਫਾਈਨਲ ਦਾਖਲਾ** ਮੰਨਿਆ ਜਾਵੇਗਾ। ਪ੍ਰੋਵੀਜ਼ਨਲ/ਫਾਈਨਲ ਦਾਖਲੇ ਸੰਬੰਧੀ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈਸਿੱ) ਅਤੇ SOE ਸਕੂਲ ਮੁੱਖੀਆਂ ਨੂੰ ਵੱਖਰੇ ਤੌਰ ਤੇ ਹਦਾਇਤਾਂ ਭੇਜੀਆਂ ਜਾ ਰਹੀਆਂ ਹਨ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/ 76-79 ਮਿਤੀ:- ਐਸ.ਏ.ਐਸ. ਨਗਰ, 25-03-2026

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।